ਅਮਰੀਕਾ-ਇਰਾਨ ਗੱਲਬਾਤ ਤੋਂ ਪਹਿਲਾਂ ਕਿਲ੍ਹੇ 'ਚ ਤਬਦੀਲ ਹੋਇਆ ਇਸਲਾਮਾਬਾਦ

ਇਸਲਾਮਾਬਾਦ, 10 ਅਪ੍ਰੈਲ : ਮੱਧ ਪੂਰਬ ਵਿਚ ਮੌਜੂਦਾ ਸਮੇਂ ਵਿਚ ਚੱਲ ਰਹੀ ਨਾਜ਼ੁਕ ਜੰਗਬੰਦੀ ਵਿਚਕਾਰ ਪੂਰੀ ਦੁਨੀਆਂ ਦੀਆਂ ਨਜ਼ਰਾਂ ਹੁਣ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ 'ਤੇ ਟਿਕੀਆਂ ਹੋਈਆਂ ਹਨ। 11 ਅਪ੍ਰੈਲ ਨੂੰ ਅਮਰੀਕਾ ਅਤੇ ਇਰਾਨ ਵਿਚਕਾਰ ਇਤਿਹਾਸਕ ਗੱਲਬਾਤ ਇੱਥੇ ਸ਼ੁਰੂ ਹੋਣ ਵਾਲੀ ਹੈ। ਇਸ ਹਾਈ-ਪ੍ਰੋਫ਼ਾਈਲ ਮੀਟਿੰਗ ਦੀ ਮੇਜ਼ਬਾਨੀ ਲਈ ਇਸਲਾਮਾਬਾਦ ਨੂੰ ਪੂਰੀ ਤਰ੍ਹਾਂ ਇਕ ਅਭੇਦ

ਸੀ-130 ਜਹਾਜ਼ ਕੀਤੇ ਤਾਇਨਾਤ

ਕਿਲ੍ਹੇ ਵਿਚ ਤਬਦੀਲ ਕਰ ਦਿਤਾ ਗਿਆ ਹੈ। ਸੁਰੱਖਿਆ ਬਲ ਇਸਲਾਮਾਬਾਦ ਦੀਆਂ ਗਲੀਆਂ ਵਿੱਚ ਸਖ਼ਤ ਨਿਗਰਾਨੀ ਰੱਖ ਰਹੇ ਹਨ। ਖ਼ਾਸ ਤੌਰ 'ਤੇ ਸ਼ਹਿਰ ਦੇ ਰੈੱਡ ਜ਼ੋਨ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕਰ ਦਿਤਾ ਗਿਆ ਹੈ, ਸਿਰਫ਼ ਸੀਮਤ ਨਾਗਰਿਕ ਆਵਾਜਾਈ ਦੀ ਆਗਿਆ ਹੈ। ਇਸ ਜ਼ੋਨ ਵਿਚ ਸੰਸਦ, ਮੁੱਖ ਸਰਕਾਰੀ ਸੰਸਥਾਵਾਂ, ਲਗਜ਼ਰੀ ਹੋਟਲ, ਦੂਤਾਵਾਸ ਅਤੇ ਵਿਦੇਸ਼ੀ ਸੰਗਠਨਾਂ ਦੇ ਦਫ਼ਤਰ ਹਨ। ਇਨ੍ਹਾਂ ਰਸਤਿਆਂ ਨੂੰ ਨਾਗਰਿਕ ਵਾਹਨਾਂ ਲਈ ਬੰਦ ਕਰ ਦਿਤਾ ਗਿਆ ਹੈ। ਹਥਿਆਰਬੰਦ ਪੁਲਿਸ ਗਾਰਡਾਂ ਨੇ ਸ਼ਹਿਰ ਭਰ ਵਿਚ ਕਈ ਚੌਕੀਆਂ ਸਥਾਪਤ ਕੀਤੀਆਂ ਹਨ। ਵਿਦੇਸ਼ੀ ਵਫ਼ਦਾਂ ਦੀ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਆਵਾਜਾਈ ਦੇ ਰਸਤੇ ਮੋੜ ਦਿਤੇ ਗਏ ਹਨ। ਨਾਗਰਿਕ ਗਤੀਵਿਧੀਆਂ ਨੂੰ ਘੱਟ ਤੋਂ ਘੱਟ ਕਰਨ ਲਈ ਅਧਿਕਾਰੀਆਂ ਨੇ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਰਾਸ਼ਟਰੀ ਰਾਜਧਾਨੀ ਵਿਚ ਜਨਤਕ ਛੁੱਟੀ ਦਾ ਐਲਾਨ ਕੀਤਾ ਹੈ। ਜ਼ਿਆਦਾਤਰ ਸਕੂਲ ਅਤੇ ਦੁਕਾਨਾਂ ਬੰਦ ਹਨ ਅਤੇ ਸੜਕਾਂ 'ਤੇ ਇਕ ਭਿਆਨਕ ਸੰਨਾਟਾ ਪਸਰਿਆ ਹੋਇਆ ਹੈ। 'ਗਲਫ਼ ਨਿਊਜ਼' ਦੀ ਇੱਕ ਰਿਪੋਰਟ ਅਨੁਸਾਰ, ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਅਮਰੀਕੀ ਰਾਜਦੂਤ ਨੂੰ ਭਰੋਸਾ ਦਿਤਾ ਹੈ ਕਿ ਅਮਰੀਕੀ ਵਫ਼ਦ ਨੂੰ ਫ਼ੁੱਲਪਰੂਫ਼ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ। ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ 30 ਮੈਂਬਰੀ ਅਮਰੀਕੀ ਐਡਵਾਂਸ ਟੀਮ ਪਹਿਲਾਂ ਹੀ ਇਸਲਾਮਾਬਾਦ ਪਹੁੰਚ ਚੁੱਕੀ ਹੈ। ਹਾਲਾਂਕਿ ਸੁਰੱਖਿਆ ਸਬੰਧੀ ਸਵਾਲ ਵੀ ਉਠਾਏ ਜਾ ਰਹੇ ਹਨ। ਵ੍ਹਾਈਟ ਹਾਊਸ ਦੇ ਸਾਬਕਾ ਪ੍ਰੈੱਸ ਸਕੱਤਰ ਏਰੀ ਫਲੀਸ਼ਰ ਨੇ ਅਮਰੀਕੀ ਵਾਰਤਾਕਾਰਾਂ ਦੀ ਸੁਰੱਖਿਆ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਹ ਦਲੀਲ ਦਿੰਦੇ ਹਨ ਕਿ ਪਾਕਿਸਤਾਨ ਇਕ ਖ਼ਤਰਨਾਕ ਜਗ੍ਹਾ ਹੈ ਕਿਉਂਕਿ ਇਸ ਦੀ ਸਰਕਾਰ ਸੁਰੱਖਿਆ ਉਪਕਰਣਾਂ 'ਤੇ ਪੂਰਾ ਨਿਯੰਤਰਣ ਨਹੀਂ ਰਖਦੀ। ਇਸਲਾਮਾਬਾਦ ਨੇ ਨਾ ਸਿਰਫ਼ ਜ਼ਮੀਨ 'ਤੇ ਸਗੋਂ ਉੱਪਰਲੇ ਆਸਮਾਨਾਂ ਵਿਚ ਵੀ ਮਜ਼ਬੂਤ ਸੁਰੱਖਿਆ ਉਪਾਅ ਲਾਗੂ ਕੀਤੇ ਹਨ। ਓਪਨ-ਸੋਰਸ ਡੇਟਾ ਅਨੁਸਾਰ ਪਾਕਿਸਤਾਨੀ ਹਵਾਈ ਸੈਨਾ ਨੇ ਸੁਰੱਖਿਅਤ ਹਵਾਈ ਪ੍ਰੋਟੋਕੋਲ ਨੂੰ ਯਕੀਨੀ ਬਣਾਉਣ ਲਈ ਆਈ.ਐਲ-78 ਰਿਫ਼ਿਊਲਿੰਗ ਟੈਂਕਰ ਅਤੇ ਸੀ-130 ਜਹਾਜ਼ ਤਾਇਨਾਤ ਕੀਤੇ ਹਨ। **(ਏਜੰਸੀ)**

ਆਈ.ਪੀ.ਐਲ ਦਾ 16ਵਾਂ ਮੈਚ

ਅੱਜ ਆਈ.ਪੀ.ਐਲ ਦਾ 16ਵਾਂ ਮੁਕਾਬਲਾ ਰਾਜਸਥਾਨ ਤੇ ਬੰਗਲੁਰੂ ਵਿਚਕਾਰ ਗਵਾਲੀਅਰ ਵਿਚ ਖੇਡਿਆ ਗਿਆ। ਮੀਂਹ ਕਾਰਨ ਟਾਸ ਵਿਚ ਦੇਰੀ ਹੋਈ ਤੇ ਕਰੀਬ 8:00 ਵਜੇ ਟਾਸ ਜਿੱਤ ਕੇ ਰਾਜਸਥਾਨ ਨੇ ਪਹਿਲਾਂ ਗੇਂਦਬਾਜ਼ੀ ਦਾ ਫ਼ੈਸਲਾ ਕੀਤਾ ਗਿਆ। ਪਹਿਲਾਂ ਬੱਲੇਬਾਜ਼ੀ ਕਰਦਿਆਂ ਬੰਗਲੁਰੂ ਨੇ ਰਾਜਸਥਾਨ ਨੂੰ 202 ਦੌੜਾ ਦਾ ਟੀਚਾ ਦਿਤਾ। ਖ਼ਬਰ ਲਿਖੇ ਜਾਣ ਤਕ ਮੈਚ ਜਾਰੀ ਸੀ। (ਪੀ.ਟੀ.ਆਈ)

ਅਫ਼ਗਾਨਿਸਤਾਨ 'ਚ ਹੜ੍ਹਾਂ ਤੇ ਮੀਂਹ ਕਾਰਨ 110 ਦੀ ਮੌਤ

ਕਾਬੁਲ, 10 ਅਪ੍ਰੈਲ : ਅਫ਼ਗਾਨਿਸਤਾਨ 'ਚ ਪਿਛਲੇ ਦੋ ਹਫ਼ਤਿਆਂ ਤੋਂ ਪੈ ਰਹੇ ਭਾਰੀ ਮੌਸਮੀ ਮੀਂਹ ਤੇ ਉਸ ਤੋਂ ਬਾਅਦ ਆਏ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਸੰਯੁਕਤ ਰਾਸ਼ਟਰ ਅਨੁਸਾਰ 26 ਮਾਰਚ ਤੋਂ 6 ਅਪ੍ਰੈਲ ਦਰਮਿਆਨ ਆਈ ਇਸ ਕੁਦਰਤੀ ਆਫ਼ਤ ਨੇ ਦੇਸ਼ ਦੇ ਕਈ ਸੂਬਿਆਂ ਵਿਚ ਸੈਂਕੜੇ ਪਿੰਡਾਂ ਨੂੰ ਅਪਣੀ ਲਪੇਟ ਵਿਚ ਲੈ ਲਿਆ ਹੈ, ਜਿਸ ਨਾਲ 73,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਅਧਿਕਾਰੀਆਂ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਪਿਛਲੇ 12 ਦਿਨਾਂ 'ਚ ਭਾਰੀ ਮੀਂਹ, ਹੜ੍ਹਾਂ, ਜ਼ਮੀਨ ਖਿਸਕਣ ਤੇ ਆਸਮਾਨੀ ਬਿਜਲੀ ਡਿੱਗਣ ਕਾਰਨ ਘੱਟੋ-ਘੱਟ 110 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 160 ਹੋਰ ਜ਼ਖ਼ਮੀ ਹੋਏ ਹਨ। ਸੱਤ ਲੋਕ ਅਜੇ ਵੀ ਲਾਪਤਾ ਦੱਸੇ ਜਾ ਰਹੇ ਹਨ। ਖੋਸਤ ਸੂਬੇ 'ਚ ਇਕ ਕੰਧ ਡਿੱਗਣ ਕਾਰਨ ਤਿੰਨ ਔਰਤਾਂ ਦੀ ਮੌਤ ਹੋ ਗਈ, ਜਦਕਿ ਨੰਗਰਹਾਰ ਸੂਬੇ 'ਚ ਛੱਤਾਂ ਡਿੱਗਣ ਕਾਰਨ 10 ਲੋਕਾਂ ਦੀ ਜਾਨ ਚਲੀ ਗਈ। ਹੜ੍ਹਾਂ ਕਾਰਨ ਰਿਹਾਇਸ਼ੀ ਇਮਾਰਤਾਂ ਅਤੇ ਖੇਤੀਬਾੜੀ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਲਗਭਗ 958 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਤੇ 4155 ਘਰਾਂ ਨੂੰ ਅੰਸ਼ਕ ਤੌਰ 'ਤੇ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਹਜ਼ਾਰਾਂ ਪਰਿਵਾਰ ਬੇਘਰ ਹੋ ਗਏ ਹਨ। 15,500 ਏਕੜ ਤੋਂ ਵੱਧ ਵਾਹੀਯੋਗ ਜ਼ਮੀਨ ਬਰਬਾਦ ਹੋ ਗਈ ਹੈ ਤੇ 500 ਤੋਂ ਵੱਧ ਪਸ਼ੂ ਮਾਰੇ ਗਏ ਹਨ, ਜਿਸ ਨਾਲ ਖੇਤਰ 'ਚ ਭੋਜਨ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਹੋ ਗਈਆਂ ਹਨ। 325 ਕਿਲੋਮੀਟਰ ਤੋਂ ਵੱਧ ਸੜਕਾਂ, ਵਪਾਰਕ ਅਦਾਰੇ, ਸਿੰਚਾਈ ਨਹਿਰਾਂ ਅਤੇ ਪੀਣ ਵਾਲੇ ਪਾਣੀ ਦੇ ਖੂਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਸਥਾਨਕ ਅਧਿਕਾਰੀਆਂ ਅਤੇ ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿਚ ਹੋਰ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਇਸ ਨਾਲ ਮਰਨ ਵਾਲਿਆਂ ਦੀ ਗਿਣਤੀ ਵਧਣ ਅਤੇ ਤਬਾਹੀ ਦੇ ਹੋਰ ਫੈਲਣ ਦਾ ਡਰ ਬਣਿਆ ਹੋਇਆ ਹੈ। ਪ੍ਰਭਾਵਿਤ ਖੇਤਰਾਂ ਵਿਚ ਹਜ਼ਾਰਾਂ ਪਰਵਾਰਾਂ ਨੂੰ ਤੁਰਤ ਰਿਹਾਇਸ਼ ਅਤੇ ਸਹਾਇਤਾ ਦੀ ਲੋੜ ਹੈ। **(ਏਜੰਸੀ)**

ਵਿਆਹ ਸਮਾਗਮ 'ਤੇ ਡਰੋਨ ਹਮਲਾ, 30 ਮੌਤਾਂ

ਕਾਹਿਰਾ, 10 ਅਪ੍ਰੈਲ : ਇਕ ਵਿਆਹ ਸਮਾਗਮ 'ਤੇ ਕੀਤੇ ਗਏ ਡਰੋਨ ਹਮਲੇ ਵਿਚ ਘੱਟੋ-ਘੱਟ 30 ਆਮ ਨਾਗਰਿਕ ਮਾਰੇ ਗਏ ਹਨ। ਮਰਨ ਵਾਲਿਆਂ ਵਿਚ ਵੱਡੀ ਗਿਣਤੀ ਵਿਚ ਔਰਤਾਂ ਅਤੇ ਬੱਚੇ ਸ਼ਾਮਲ ਹਨ। ਸੂਡਾਨ ਦੇ ਦਾਰਫ਼ੁਰ ਖੇਤਰ ਵਿਚ ਇਹ ਦਰਦਨਾਕ ਘਟਨਾ ਵਾਪਰੀ ਹੈ।। ਸੰਯੁਕਤ ਰਾਸ਼ਟਰ ਨੇ ਇਸ ਕਤਲੇਆਮ ਦੀ ਪੁਸ਼ਟੀ ਕਰਦਿਆਂ ਇਸ ਦੀ ਸਖ਼ਤ ਨਿੰਦਾ ਕੀਤੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਦਸਿਆ ਕਿ ਇਹ ਭਿਆਨਕ ਹਮਲਾ ਉੱਤਰੀ ਦਾਰਫ਼ੁਰ ਦੇ ਕੁਤੁਮ ਕਸਬੇ ਵਿਚ ਹੋਇਆ, ਜਿੱਥੇ ਇਕ ਵਿਆਹ ਦਾ ਜਸ਼ਨ ਮਨਾਇਆ ਜਾ ਰਿਹਾ ਸੀ। ਦਸਿਆ ਜਾ ਰਿਹਾ ਹੈ ਕਿ ਇਹ ਹਮਲਾ ਸੂਡਾਨੀ ਫ਼ੌਜ ਅਤੇ ਅਰਧ ਸੈਨਿਕ ਬਲ 'ਰੈਪਿਡ ਸਪੋਰਟ ਫ਼ੋਰਸਿਜ਼' ਵਿਚਕਾਰ ਜਾਰੀ ਵਧਦੇ ਡਰੋਨ ਹਮਲਿਆਂ ਦੀ ਲੜੀ ਵਿਚ ਤਾਜ਼ਾ ਘਟਨਾ ਹੈ। ਦੋਵੇਂ ਧਿਰਾਂ ਅਪ੍ਰੈਲ 2023 ਤੋਂ ਸੱਤਾ ਲਈ ਖ਼ੂਨੀ ਸੰਘਰਸ਼ ਵਿਚ ਜੁਟੀਆਂ ਹੋਈਆਂ ਹਨ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਸੂਡਾਨ ਵਿਚ 3 ਸਾਲ ਤੋਂ ਜਾਰੀ ਇਸ ਸੰਘਰਸ਼ ਵਿਚ ਹੁਣ ਤਕ 40,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਹਾਲਾਂਕਿ ਮਦਦਗਾਰ ਸਮੂਹਾਂ ਦਾ ਕਹਿਣਾ ਹੈ ਕਿ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ। **(ਏਜੰਸੀ)**

10 ਹਜ਼ਾਰ ਤੋਂ ਵੱਧ ਦੇ ਆਨਲਾਈਨ ਪੇਮੈਂਟ 'ਤੇ ਇਕ ਘੰਟੇ ਦੀ ਉਡੀਕ ਕਰਨੀ ਪਵੇਗੀ

ਨਵੀਂ ਦਿੱਲੀ, 10 ਅਪ੍ਰੈਲ : ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਡਿਜੀਟਲ ਧੋਖਾਧੜੀ ਨੂੰ ਰੋਕਣ ਲਈ ਵੱਡਾ ਕਦਮ ਚੁਕਿਆ ਹੈ। ਹੁਣ 10,000 ਰੁਪਏ ਤੋਂ ਵੱਧ ਦਾ ਆਨਲਾਈਨ ਭੁਗਤਾਨ ਤੁਰਤ ਨਹੀਂ ਹੋਵੇਗਾ, ਸਗੋਂ ਇਸ ਲਈ 60 ਮਿੰਟ ਦੀ ਉਡੀਕ ਕਰਨੀ ਪਵੇਗੀ। ਇਸ ਦੌਰਾਨ ਗਾਹਕ ਗਲਤ ਲੈਣ-ਦੇਣ ਨੂੰ ਰੱਦ ਕਰ ਸਕਣਗੇ ਜਾਂ ਧੋਖਾਧੜੀ ਦਾ ਸ਼ੱਕ ਹੋਣ 'ਤੇ ਪੈਸੇ ਰੋਕ ਵੀ ਸਕਣਗੇ। ਆਰ.ਬੀ.ਆਈ. ਦੇ ਅਧਿਕਾਰੀਆਂ ਨੇ ਕਿਹਾ, "ਪਿਛਲੇ ਸਾਲ ਦੇਸ਼ ਵਿਚ ਲਗਭਗ 22,000 ਕਰੋੜ ਰੁਪਏ ਦੀ ਡਿਜੀਟਲ ਧੋਖਾਧੜੀ ਹੋਈ। ਵੱਡੇ ਲੈਣ-ਦੇਣ ਹੀ 98.5% ਰਕਮ ਦੇ ਨੁਕਸਾਨ ਲਈ ਜ਼ਿੰਮੇਵਾਰ ਹਨ। ਇਸ ਲਈ ਵੱਡੇ ਭੁਗਤਾਨਾਂ 'ਤੇ ਸੁਰੱਖਿਆ ਲਾਜ਼ਮੀ ਹੈ।" ਨਵੇਂ ਨਿਯਮਾਂ ਵਿਚ ਤਿੰਨ ਖ਼ਾਸ ਸਹੂਲਤਾਂ ਵੀ ਸ਼ਾਮਲ ਹਨ। 70 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ 50,000 ਹਜ਼ਾਰ ਤੋਂ ਵੱਧ ਭੁਗਤਾਨ 'ਤੇ ਪਰਵਾਰਕ ਮੈਂਬਰ ਦੀ ਸਹਿਮਤੀ ਲਾਜ਼ਮੀ ਹੋਵੇਗੀ। ਹਾਲਾਂਕਿ ਰੋਜ਼ਾਨਾ ਭੇਜੇ ਜਾਣ ਵਾਲੇ ਭੁਗਤਾਨਾਂ ਲਈ ਭਰੋਸੇਮੰਦ ਸੰਪਰਕਾਂ ਨੂੰ 'ਵ੍ਹਾਈਟਲਿਸਟ' ਕੀਤਾ ਜਾ ਸਕੇਗਾ, ਜਿਸ ਨਾਲ ਤੁਰਤ ਟਰਾਂਸਫਰ ਹੋਵੇਗਾ। ਹੈਕਿੰਗ ਜਾਂ ਸ਼ੱਕੀ ਗਤੀਵਿਧੀ 'ਤੇ ਗਾਹਕ ਇਕ ਬਟਨ ਨਾਲ ਸਾਰੀਆਂ ਡਿਜੀਟਲ ਬੈਂਕਿੰਗ ਸੇਵਾ ਬੰਦ ਕਰ ਸਕਣਗੇ। ਇਹ ਨਿਯਮ ਜਲਦੀ ਹੀ ਬੈਂਕਾਂ ਅਤੇ ਐਨ.ਪੀ.ਸੀ.ਆਈ. ਦੇ ਸਹਿਯੋਗ ਨਾਲ ਲਾਗੂ ਹੋਣ ਦੀ ਉਮੀਦ ਹੈ। ਇਕ ਗਾਹਕ ਨੇ ਕਿਹਾ, "ਇਹ ਕਦਮ ਸੁਰੱਖਿਆ ਲਈ ਬਹੁਤ ਜ਼ਰੂਰੀ ਹੈ, ਹਾਲਾਂਕਿ ਸ਼ੁਰੂ ਵਿਚ ਕੁੱਝ ਸਮੱਸਿਆਵਾਂ ਆ ਸਕਦੀਆਂ ਹਨ।" **(ਏਜੰਸੀ)**

ਤਖ਼ਤਾਪਲਟ ਕਰਨ ਵਾਲੇ ਮਿਨ ਆਂਗ ਹਲਾਇੰਗ ਬਣੇ ਮਿਆਂਮਾਰ ਦੇ ਰਾਸ਼ਟਰਪਤੀ

ਯਾਂਗੂਨ, 10 ਅਪ੍ਰੈਲ : ਮਿਆਂਮਾਰ ਵਿਚ 2021 ਵਿਚ ਲੋਕਤੰਤਰੀ ਸਰਕਾਰ ਦਾ ਤਖ਼ਤਾ ਪਲਟਣ ਵਾਲੇ ਫ਼ੌਜੀ ਕਮਾਂਡਰ ਮਿਨ ਆਂਗ ਹਲਾਇੰਗ ਨੇ ਸ਼ੁੱਕਰਵਾਰ ਨੂੰ ਦੇਸ਼ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ । ਹਲਾਇੰਗ ਨੇ ਸਾਲ 2021 ਵਿਚ ਆਂਗ ਸਾਨ ਸੂ ਕੀ ਦੀ ਚੁਣੀ ਹੋਈ ਸਰਕਾਰ ਤੋਂ ਸੱਤਾ ਖੋਹਣ ਤੋਂ ਬਾਅਦ ਦੇਸ਼ 'ਤੇ ਸਖ਼ਤ ਫ਼ੌਜੀ ਸ਼ਾਸਨ ਲਾਗੂ ਕੀਤਾ ਸੀ। ਉਨ੍ਹਾਂ ਦਾ ਇਹ ਸਹੁੰ ਚੁੱਕ ਸਮਾਗਮ ਉਨ੍ਹਾਂ ਚੋਣਾਂ ਤੋਂ ਬਾਅਦ ਹੋਇਆ ਹੈ, ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ ਦੇ ਮਾਹਰਾਂ ਅਤੇ ਮਨੁੱਖੀ ਅਧਿਕਾਰ ਸਮੂਹਾਂ ਨੇ ਨਾ ਤਾਂ ਆਜ਼ਾਦ ਅਤੇ ਨਾ ਹੀ ਨਿਰਪੱਖ ਦਸਿਆ ਹੈ। ਹਲਾਇੰਗ ਦਾ ਰਾਸ਼ਟਰਪਤੀ ਬਣਨਾ ਫ਼ੌਜੀ ਤਾਨਾਸ਼ਾਹਾਂ ਦੀ ਉਸੇ ਰਵਾਇਤ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿੱਥੇ ਉਹ ਪੱਖਪਾਤੀ ਚੋਣਾਂ ਰਾਹੀਂ ਅਪਣੇ ਸ਼ਾਸਨ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹਨ। ਹਲਾਇੰਗ ਹੁਣ ਅਗਲੇ 5 ਸਾਲਾਂ ਤਕ ਰਾਸ਼ਟਰਪਤੀ ਵਜੋਂ ਸੇਵਾ ਨਿਭਾਉਣਗੇ ਅਤੇ ਉਨ੍ਹਾਂ ਦੀ ਕੈਬਨਿਟ ਵਿਚ ਵੀ ਫ਼ੌਜ ਦਾ ਪੂਰਾ ਦਬਦਬਾ ਹੈ। ਸ਼ੁੱਕਰਵਾਰ ਨੂੰ ਸਹੁੰ ਚੁੱਕਣ ਵਾਲੇ 30 ਕੈਬਨਿਟ ਮੈਂਬਰਾਂ ਵਿਚੋਂ 28 ਮੌਜੂਦਾ ਜਾਂ ਸਾਬਕਾ ਜਨਰਲ ਹਨ। ਫ਼ੌਜੀ ਪੱਖੀ ਗਠਜੋੜ ਕੋਲ ਵਿਧਾਨ ਸਭਾ ਵਿਚ ਲਗਭਗ 90 ਫ਼ੀ ਸਦੀ ਸੀਟਾਂ ਹਨ। ਅਪਣੇ ਸੰਬੋਧਨ ਵਿਚ 69 ਸਾਲਾ ਮਿਨ ਆਂਗ ਹਲਾਇੰਗ ਨੇ ਦਾਅਵਾ ਕੀਤਾ ਕਿ ਮਿਆਂਮਾਰ ਲੋਕਤੰਤਰ ਦੇ ਰਾਹ 'ਤੇ ਪਰਤ ਆਇਆ ਹੈ ਅਤੇ ਇਕ ਬਿਹਤਰ ਭਵਿੱਖ ਵਲ ਵਧ ਰਿਹਾ ਹੈ। ਉਨ੍ਹਾਂ ਨੇ ਬਾਗ਼ੀ ਨਸਲੀ ਸਮੂਹਾਂ ਨਾਲ ਸ਼ਾਂਤੀ ਸਥਾਪਤ ਕਰਨ ਅਤੇ ਗੁਆਂਢੀ ਦੇਸ਼ਾਂ (ਆਸੀਆਨ) ਨਾਲ ਸਬੰਧ ਸੁਧਾਰਨ ਦਾ ਸੰਕਲਪ ਵੀ ਲਿਆ। ਹਾਲਾਂਕਿ ਅੰਤਰਰਾਸ਼ਟਰੀ ਮਾਹਰ ਇਸ ਨੂੰ ਸਿਰਫ਼ ਫ਼ੌਜੀ ਸ਼ਾਸਨ ਨੂੰ ਲੋਕਤੰਤਰ ਦੀ ਆੜ ਵਿਚ ਲੁਕਾਉਣ ਦੀ ਕੋਸ਼ਿਸ਼ ਵਜੋਂ ਦੇਖ ਰਹੇ ਹਨ। **(ਏਜੰਸੀ)**

ਅਮਰੀਕੀਆਂ ਉਤੇ ਮਹਿੰਗਾਈ ਦੀ ਮਾਰ

ਇਰਾਨ ਵਿਰੁਧ ਜੰਗ ਕਾਰਨ ਪਟਰੌਲ ਦੀਆਂ ਕੀਮਤਾਂ ਵਧਣ ਦਾ ਪਏਗਾ ਵੱਡਾ ਅਸਰ

ਵਾਸ਼ਿੰਗਟਨ, 10 ਅਪ੍ਰੈਲ : ਮਾਰਚ ਮਹੀਨੇ ਵਿਚ ਪਟਰੌਲ ਦੀਆਂ ਕੀਮਤਾਂ ਵਿਚ ਲਗਭਗ 20 ਫ਼ੀ ਸਦੀ ਦੀ ਤੇਜ਼ ਚੜ੍ਹਾਈ ਕਾਰਨ ਅਮਰੀਕਾ ਵਿਚ ਮਹਿੰਗਾਈ ਦਰ ਵਿਚ ਤੇਜ਼ ਵਾਧੇ ਦੀ ਸੰਭਾਵਨਾ ਹੈ। ਸਰਕਾਰੀ ਅੰਕੜੇ ਅਮਰੀਕਾ ਵਿਚ ਸ਼ੁਕਰਵਾਰ ਨੂੰ ਜਾਰੀ ਹੋਣਗੇ, ਪਰ ਅਰਥਸ਼ਾਸਤਰੀਆਂ ਦਾ ਅੰਦਾਜ਼ਾ ਹੈ ਕਿ ਮਹਿੰਗਾਈ 3.4 ਫ਼ੀ ਸਦੀ ਤਕ ਪਹੁੰਚ ਸਕਦੀ ਹੈ, ਜੋ ਕਿ ਫ਼ਰਵਰੀ ਦੇ 2.4 ਫ਼ੀ ਸਦੀ ਨਾਲੋਂ ਕਾਫੀ ਵੱਧ ਹੈ। ਇਹ ਵਾਧਾ ਪਿਛਲੇ ਦੋ ਸਾਲਾਂ ਵਿਚ ਸੱਭ ਤੋਂ ਵੱਡਾ ਮਹੀਨਾਵਾਰ ਉਛਾਲ ਹੋਵੇਗਾ। ਫ਼ੈਡਰਲ ਰਿਜ਼ਰਵ ਦੇ 2 ਫ਼ੀ ਸਦੀ ਦੇ ਟੀਚੇ ਨਾਲੋਂ ਇਹ ਦਰ ਕਾਫੀ ਉੱਚੀ ਹੈ। 'ਸਟੇਟ ਸਟ੍ਰੀਟ' ਦੇ ਮੈਕਰੋ ਰਣਨੀਤੀ ਮੁਖੀ ਮਾਈਕਲ ਮੈਟਕਾਫ ਨੇ ਕਿਹਾ ਕਿ ਸਿਰਫ ਮਾਰਚ ਵਿਚ ਹੀ ਮਹਿੰਗਾਈ 1.5 ਫ਼ੀ ਸਦੀ ਵਧ ਸਕਦੀ ਹੈ। ਮਾਰਚ ਵਿਚ ਪਟਰੌਲ ਦੀ ਔਸਤ ਕੀਮਤ 4.17 ਡਾਲਰ ਪ੍ਰਤੀ ਗੈਲਨ ਰਹੀ, ਜੋ ਕਿ ਇਕ ਮਹੀਨੇ ਪਹਿਲਾਂ ਨਾਲੋਂ 69 ਸੈਂਟ ਵੱਧ ਹੈ। ਇਸ ਨਾਲ ਖਪਤਕਾਰਾਂ ਦੀ ਖਰੀਦ ਸਮਰੱਥਾ ਘਟੇਗੀ ਅਤੇ ਹੋਰ ਸਾਮਾਨ ਤੇ ਸੇਵਾਵਾਂ ਦੀ ਮੰਗ ਵੀ ਘਟ ਸਕਦੀ ਹੈ। ਯੂ.ਬੀ.ਐਸ. ਦੇ ਅਰਥਸ਼ਾਸਤਰੀ ਐਲਨ ਡੈਟਮਾਈਸਟਰ ਨੇ ਕਿਹਾ, "ਇਹ 2021-22 ਵਾਲੀ ਸਥਿਤੀ ਨਹੀਂ ਹੈ, ਕਿਉਂਕਿ ਅਸੀਂ ਮੰਗ ਵਿਚ ਉਹ ਤਾਕਤ ਨਹੀਂ ਵੇਖ ਰਹੇ।" ਉਨ੍ਹਾਂ ਨੇ 1990-91 ਦੇ ਦੌਰ ਨਾਲ ਤੁਲਨਾ ਕੀਤੀ, ਜਦੋਂ ਇਰਾਕ-ਕੁਵੈਤ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧੀਆਂ ਸਨ ਪਰ ਮਹਿੰਗਾਈ ਨਹੀਂ ਚੜ੍ਹੀ ਸੀ। ਫ਼ੈਡਰਲ ਰਿਜ਼ਰਵ ਹੁਣ ਵਿਆਜ ਦਰਾਂ ਘਟਾਉਣ ਦੀ ਬਜਾਏ ਉਨ੍ਹਾਂ ਨੂੰ ਸਥਿਰ ਰੱਖਣ ਜਾਂ ਵਧਾਉਣ ਬਾਰੇ ਸੋਚ ਰਿਹਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮਹਿੰਗਾਈ ਦਾ ਇਹ ਝਟਕਾ ਕੁੱਝ ਮਹੀਨਿਆਂ ਤਕ ਜਾਰੀ ਰਹਿ ਸਕਦਾ ਹੈ, ਜਿਸ ਨਾਲ ਖਪਤਕਾਰਾਂ ਅਤੇ ਸਰਕਾਰ ਦੋਹਾਂ ਲਈ ਚੁਣੌਤੀ ਆਂ ਵਧਣਗੀਆਂ। (ਪੀ.ਟੀ.ਆਈ.)

ਏਅਰ ਕੈਨੇਡਾ ਵਲੋਂ ਗਾਹਕਾਂ ਦੀਆਂ ਸ਼ਿਕਾਇਤਾਂ ਸੁਲਝਾਉਣ ਲਈ ਨਵੇ ਪ੍ਰੋਗਰਾਮ ਦੀ ਸਮੀਖਿਆ

ਵੈਨਕੂਵਰ, 10 ਅਪ੍ਰੈਲ (ਮਲਕੀਤ ਸਿੰਘ): ਕੈਨੇਡਾ ਦੀ ਪ੍ਰਮੁੱਖ ਹਵਾਈ ਸੇਵਾ ਏਅਰ ਕੈਨੇਡਾ ਵਲੋਂ ਯਾਤਰੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਲਈ ਇਕ ਨਵੇਂ ਪ੍ਰੋਗਰਾਮ ਦੀ ਸਮੀਖਿਆ (ਟੈਸਟਿੰਗ) ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਵੱਡੀ ਗਿਣਤੀ ਵਿਚ ਲੰਬਿਤ ਮਾਮਲਿਆਂ ਨੂੰ ਨਿਪਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਇਹ ਪਾਇਲਟ ਪ੍ਰੋਜੈਕਟ ਉਸ ਸਮੇਂ ਸ਼ੁਰੂ ਕੀਤਾ ਗਿਆ ਹੈ ਜਦੋਂ ਕੈਨੇਡਾ ਦੇ ਟਰਾਂਸਪੋਰਟ ਨਿਯੰਤਰਕ ਕੋਲ ਲਗਭਗ 95,000 ਸ਼ਿਕਾਇਤਾਂ ਦਾ ਬੈਕਲਾਗ ਮੌਜੂਦ ਹੈ। ਦਸਿਆ ਜਾ ਰਿਹਾ ਹੈ ਕਿ ਨਵੇਂ ਪ੍ਰੋਗਰਾਮ ਤਹਿਤ ਯਾਤਰੀਆਂ ਦੀਆਂ ਸ਼ਿਕਾਇਤਾਂ ਨੂੰ ਤੇਜ਼ੀ ਨਾਲ ਸੁਣਨ ਅਤੇ ਨਿਪਟਾਉਣ ਲਈ ਇਕ ਨਵੀਂ ਪ੍ਰਕਿਰਿਆ ਅਪਣਾਈ ਜਾ ਰਹੀ ਹੈ, ਜਿਸ ਨਾਲ ਲੰਬੇ ਸਮੇਂ ਤੋਂ ਪੈਂਡਿੰਗ ਮਾਮਲਿਆਂ ਵਿਚ ਕਮੀ ਆ ਸਕਦੀ ਹੈ।

ਕੌਲ ਕਾਫ਼ੀਲਡ ਨੇ 50ਵਾਂ ਗੋਲ ਕਰ ਕੇ ਰਚਿਆ ਇਤਿਹਾਸ

ਵੈਨਕੂਵਰ, 10 ਅਪ੍ਰੈਲ (ਮਲਕੀਤ ਸਿੰਘ): ਮੌਂਟਰੀਅਲ ਕੈਨੇਡੀਅਨਜ਼ ਦੇ ਸਟਾਰ ਖਿਡਾਰੀ ਕੌਲ ਕਾਫ਼ੀਲਡ ਨੇ ਅਪਣਾ 50ਵਾਂ ਗੋਲ ਕਰ ਕੇ ਟੀਮ ਦੇ ਇਤਿਹਾਸ ਵਿਚ ਨਵਾਂ ਮੀਲ ਪੱਥਰ ਸਥਾਪਤ ਕਰ ਦਿਤਾ ਹੈ। ਉਹ ਪਿਛਲੇ 35 ਸਾਲਾਂ ਵਿਚ ਇਹ ਉਪਲਬਧੀ ਹਾਸਲ ਕਰਨ ਵਾਲਾ ਪਹਿਲਾ ਖਿਡਾਰੀ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਉਹ ਲੀਗ ਦੇ ਸਭ ਤੋਂ ਵੱਧ ਗੋਲ ਕਰਨ ਵਾਲੇ ਖਿਡਾਰੀਆਂ ਵਿਚ ਸ਼ਾਮਲ ਹੈ। ਇਸ ਪ੍ਰਦਰਸ਼ਨ ਨਾਲ ਉਹ ਇਸ ਸਾਲ ਦੇ ਪ੍ਰਸਿੱਧ 'ਰਾਕੇਟ ਰਿਚਰਡ ਟਰਾਫ਼ੀ' ਲਈ ਵੀ ਮਜ਼ਬੂਤ ਦਾਅਵੇਦਾਰ ਬਣ ਗਿਆ ਹੈ। ਦਸਿਆ ਜਾ ਰਿਹਾ ਹੈ ਕਿ ਕਾਫ਼ੀਲਡ ਦੀ ਇਸ ਕਾਮਯਾਬੀ ਨੇ ਨਾ ਸਿਰਫ਼ ਉਸ ਦੀ ਵਿਅਕਤੀਗਤ ਪ੍ਰਦਰਸ਼ਨਸ਼ੀਲਤਾ ਨੂੰ ਦਰਸਾਇਆ ਹੈ ਸਗੋਂ ਮੌਂਟਰੀਅਲ ਕੈਨੇਡੀਅਨਜ਼ ਟੀਮ ਦੇ ਭਵਿੱਖ ਲਈ ਵੀ ਨਵੀਆਂ ਉਮੀਦਾਂ ਜਗਾਈਆਂ ਹਨ।

ਸਕੁਆਮਿਸ਼ ਦੀ ਪਹਾੜੀ 'ਤੇ ਲਟਕਾਈ ਕਾਰ ਹਟਾਈ

ਵੈਨਕੂਵਰ, 10 ਅਪ੍ਰੈਲ (ਮਲਕੀਤ ਸਿੰਘ) : ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸਕੁਆਮਿਸ਼ ਪਹਾੜੀ ਖੇਤਰ ਦੀ ਇਕ ਢਲਵੀਂ ਚਟਾਨ 'ਤੇ ਲਟਕਾਈ ਗਈ ਵੋਲਕਸਵੇਗਨ ਬੀਟਲ ਕਾਰ ਨੂੰ ਅਧਿਕਾਰੀਆਂ ਵਲੋਂ ਹਟਾ ਦਿਤਾ ਗਿਆ ਹੈ। ਬੀ.ਸੀ. ਪਾਰਕਸ ਨੇ ਪੁਸ਼ਟੀ ਕੀਤੀ ਹੈ ਕਿ ਇਹ ਖੋਖਲੀ ਕੀਤੀ ਹੋਈ ਕਾਰ ਕੇਬਲਾਂ ਦੀ ਮਦਦ ਨਾਲ ਚਟਾਨੀ ਸਤ੍ਹਾ 'ਤੇ ਟੰਗੀ ਹੋਈ ਸੀ, ਜਿਸ ਨੂੰ ਹੁਣ ਸੁਰੱਖਿਅਤ ਤਰੀਕੇ ਨਾਲ ਹਟਾ ਦਿਤਾ ਗਿਆ ਹੈ। ਅਧਿਕਾਰੀਆਂ ਵਲੋਂ ਇਸ ਕਾਰ ਨੂੰ ਇਸ ਤਰ੍ਹਾਂ ਚਟਾਨ 'ਤੇ ਰੱਖਣ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਇਸ ਨੂੰ ਖ਼ਤਰਨਾਕ ਅਤੇ ਗ਼ੈਰਕਾਨੂੰਨੀ ਕਰਾਰ ਦਿਤਾ ਗਿਆ ਹੈ । ਇਸ ਮਾਮਲੇ ਵਿਚ ਇਕ ਗੁਪਤ ਯੂਨੀਵਰਸਿਟੀ ਵਿਦਿਆਰਥੀ ਗਰੁੱਪ ਵਲੋਂ ਇਸ ਦੀ ਜ਼ਿੰਮੇਵਾਰੀ ਵੀ ਲੈਣ ਦੀ ਗੱਲ ਸਾਹਮਣੇ ਆਈ ਹੈ।

ਵਟਸਐਪ ਤੁਹਾਡੇ ਨਿਜੀ ਸੰਦੇਸ਼ ਪੜ੍ਹ ਰਿਹੈ : ਮਸਕ

ਨਵੀਂ ਦਿੱਲੀ, 10 ਅਪ੍ਰੈਲ: ਵਟਸਐਪ ਦੀ ਨਿਜਤਾ ਉਤੇ ਵੱਡਾ ਵਿਵਾਦ ਖੜਾ ਹੋ ਗਿਆ ਹੈ। ਟੈਸਲਾ ਅਤੇ ਸੋਸ਼ਲ ਮੀਡੀਆ ਮੰਚ ਐਕਸ ਦੇ ਮਾਲਕ ਇਲੋਨ ਮਸਕ ਨੇ ਦਾਅਵਾ ਕੀਤਾ ਹੈ ਕਿ "ਵਟਸਐਪ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ"। ਇਸੇ ਤਰ੍ਹਾਂ, ਟੈਲੀਗ੍ਰਾਮ ਦੇ ਸੀ.ਈ.ਓ. ਪਾਵਲ ਦੁਰੋਵ ਨੇ ਇਸ ਨੂੰ ਸੱਭ ਤੋਂ ਵੱਡੀ "ਇਨਕ੍ਰਿਪਸ਼ਨ ਧੋਖਾਧੜੀ" ਕਰਾਰ ਦਿਤਾ। ਇਹ ਵਿਵਾਦ ਅਮਰੀਕਾ ਵਿਚ ਵਟਸਐਪ ਵਿਰੁਧ ਦਰਜ ਕੀਤੇ ਗਏ ਇਕ ਮੁਕੱਦਮੇ ਤੋਂ ਬਾਅਦ ਉਭਰਿਆ ਹੈ। ਵਟਸਐਪ ਦੀ ਮਾਲਕ ਕੰਪਨੀ ਮੈਟਾ ਨੇ ਇਨ੍ਹਾਂ ਦੋਸ਼ਾਂ ਨੂੰ "ਪੂਰੀ ਤਰ੍ਹਾਂ ਝੂਠ ਅਤੇ ਬੇਤੁਕੇ" ਕਹਿੰਦੇ ਹੋਏ ਰੱਦ ਕਰ ਦਿਤਾ ਹੈ। ਕੰਪਨੀ ਦਾ ਕਹਿਣਾ ਹੈ ਕਿ ਵਟਸਐਪ ਪਿਛਲੇ ਦਹਾਕੇ ਤੋਂ ਸਿਗਨਲ ਪ੍ਰੋਟੋਕਾਲ ਵਰਤ ਰਿਹਾ ਹੈ ਅਤੇ ਸੁਨੇਹੇ ਸਿਰਫ ਭੇਜਣ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਹੀ ਪੜ੍ਹ ਸਕਦੇ ਹਨ। **(ਏਜੰਸੀ)**

ਟਰੰਪ ਅਤੇ ਪੁਤਿਨ ਤੋਂ ਤੰਗ ਆ ਚੁਕਿਆ ਹਾਂ : ਸਟਾਰਮਰ

ਲੰਡਨ, 10 ਅਪ੍ਰੈਲ : ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਕਦਮਾਂ ਉਤੇ ਤਿੱਖੀ ਟਿਪਣੀ ਕੀਤੀ ਹੈ। ਸਟਾਰਮਰ ਨੇ ਕਿਹਾ, "ਮੈਂ ਇਸ ਗੱਲ ਤੋਂ ਤੰਗ ਆ ਚੁੱਕਾ ਹਾਂ ਕਿ ਪਰਵਾਰਾਂ ਅਤੇ ਕਾਰੋਬਾਰਾਂ ਦੇ ਖ਼ਰਚੇ ਵਧ ਰਹੇ ਹਨ ਅਤੇ ਇਹ ਸੱਭ ਕੁੱਝ ਟਰੰਪ ਜਾਂ ਪੁਤਿਨ ਦੇ ਕੰਮਾਂ ਕਾਰਨ ਹੋ ਰਿਹਾ ਹੈ।" ਉਨ੍ਹਾਂ ਨੇ ਟਰੰਪ ਵਲੋਂ ਇਰਾਨ ਨੂੰ ਤਬਾਹ ਕਰਨ ਬਾਰੇ ਦਿਤੇ ਬਿਆਨ ਨੂੰ 'ਬ੍ਰਿਟਿਸ਼ ਕਦਰਾਂ-ਕੀਮਤਾਂ ਵਿਰੁਧ' ਕਰਾਰ ਦਿਤਾ। ਸਟਾਰਮਰ ਨੇ ਇਜ਼ਰਾਇਲ ਵਲੋਂ ਲੈਬਨਾਨ ਉਤੇ ਹੋ ਰਹੇ ਹਮਲਿਆਂ ਦੀ ਵੀ ਨਿੰਦਾ ਕੀਤੀ। ਸਟਾਰਮਰ ਨੇ ਦਸਿਆ ਕਿ ਉਹ ਟਰੰਪ ਨਾਲ ਹੋਰਮੁਜ਼ ਜਲਡਮਰੂਮੱਧ ਖੋਲ੍ਹਣ ਬਾਰੇ ਗੱਲਬਾਤ ਕਰ ਚੁਕੇ ਹਨ ਅਤੇ ਇਸ ਲਈ ਸਿਆਸੀ ਤੇ ਫ਼ੌਜੀ ਯੋਜਨਾ ਉਤੇ ਕੰਮ ਜਾਰੀ ਹੈ। **(ਏਜੰਸੀ)**

ਟੈਂਡਰ

ਭਾਰਤੀ ਰੈੱਡ ਕਰਾਸ ਸੁਸਾਇਟੀ ਅਤੇ ਫਰੀਦਕੋਟ ਜ਼ਿਲ੍ਹਾ ਕਲਚਰਲ ਸੁਸਾਇਟੀ, ਫਰੀਦਕੋਟ ਦੇ ਹੇਠ ਲਿਖੇ ਪ੍ਰੋਜੈਕਟਾਂ/ਬਿਲਡਿੰਗਾਂ ਨੂੰ ਅਲਾਟ ਕਰਨ ਲਈ ਆਨ ਲਾਈਨ ਟੈਂਡਰ ਮਿਤੀ 27.04.2026 ਨੂੰ ਸਵੇਰੇ 11:00 ਵਜੇ ਤੱਕ ਲਏ ਜਾਣਗੇ ਅਤੇ ਪ੍ਰਾਪਤ ਟੈਂਡਰ ਮਿਤੀ 27.04.2026 ਨੂੰ ਦੁਪਹਿਰ 2:00 ਵਜੇ ਖੋਲ੍ਹੇ ਜਾਣਗੇ।

1. ਟਰੇਨ ਰੈਸਟੋਰੈਂਟ:- ਸਮਾਂ ਅਪ੍ਰੈਲ 2026 ਤੋਂ ਮਾਰਚ 2031 ਤੱਕ
2. ਰੈੱਡ ਕਰਾਸ ਅਮਰ ਆਸ਼ਰਮ (ਅਮਰ ਮੈਰਿਜ ਪੈਲੇਸ):- ਸਮਾਂ ਅਪ੍ਰੈਲ 2026 ਤੋਂ ਮਾਰਚ 2029 ਤੱਕ
3. ਕੰਟੀਨ ਸਿਵਲ ਹਸਪਤਾਲ, ਕੋਟਕਪੂਰਾ- ਸਮਾਂ ਅਪ੍ਰੈਲ 2026 ਤੋਂ ਮਾਰਚ 2028 ਤੱਕ
4. ਰੈੱਡ ਕਰਾਸ ਹੈਲਥ ਕਲੱਬ, ਫਰੀਦਕੋਟ ਦੀ ਬਿਲਡਿੰਗ- ਸਮਾਂ ਅਪ੍ਰੈਲ 2026 ਤੋਂ ਮਾਰਚ 2028 ਤੱਕ
5. ਰੈੱਡ ਕਰਾਸ ਭਵਨ ਫਰੀਦਕੋਟ ਵਿਖੇ ਖਾਲੀ ਪਈ ਬਿਲਡਿੰਗ - ਸਮਾਂ ਅਪ੍ਰੈਲ 2026 ਤੋਂ ਮਾਰਚ 2028 ਤੱਕ
6. ਰੈੱਡ ਕਰਾਸ ਕੰਪਿਊਟਰ ਸੈਂਟਰ ਮਿੰਨੀ ਸਕੱਤਰੇਤ, ਫਰੀਦਕੋਟ - ਸਮਾਂ ਅਪ੍ਰੈਲ 2026 ਤੋਂ ਮਾਰਚ 2028 ਤੱਕ

ਵਧੇਰੇ ਜਾਣਕਾਰੀ ਲਈ ਟੈਲੀਫੋਨ ਨੰ: 01639-291206 ਜਾਂ eproc.punjab.gov.in ਤੇ ਟੈਂਡਰ ਦੀਆਂ ਸ਼ਰਤਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ ਨਿੱਜੀ ਤੌਰ ਤੇ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਭਵਿੱਖ ਵਿੱਚ ਜੇਕਰ ਟੈਂਡਰਾਂ ਵਿੱਚ ਕੋਈ ਵੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਜਾਣਕਾਰੀ eproc.punjab.gov.in ਤੇ ਅੱਪਲੋਡ ਕਰ ਦਿੱਤੀ ਜਾਵੇਗੀ।

ਸਕੱਤਰ

ਪੰਜਾਬ ਸਰਕਾਰ

ਵਿਕਾਸ ਕੰਮਾਂ ਦਾ ਟੈਂਡਰ

ਵਿਭਾਗ: ਨਗਰ ਪੰਚਾਇਤ ਭਗਤਾ ਭਾਈਕਾ ਐਮਡੀਐਫ ਸਕੀਮ ਅਧੀਨ ਵੱਖ-ਵੱਖ ਵਿਕਾਸ ਕੰਮਾਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ:-

ਬੰਦ ਹੋਣ ਦੀ ਮਿਤੀ ਤੇ ਸਮਾਂ: 20-04-2026 ਸਵੇਰੇ 10.00 ਵਜੇ ਤੱਕ

ਵਧੇਰੇ ਜਾਣਕਾਰੀ ਲਈ ਲਾਗਇਨ ਕਰੋ: http://eproc.punjab.gov.in/ nicgep/app

ਨੋਟ: ਟੈਂਡਰ/ਆਰਐਫਪੀ ਨੋਟਿਸ ਸੋਧ(†) ਜੇਕਰ ਕੋਈ ਹੈ, ਸਿਰਫ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

2470/12/2026-27/10340

ਕਾਰਜ ਸਾਧਕ ਅਫਸਰ
ਨਗਰ ਪੰਚਾਇਤ ਭਗਤਾ ਭਾਈਕਾ

ਕੰਮ ਲਈ ਟੈਂਡਰ/ਆਰਐਫ਼ਪੀ

ਪੰਜਾਬ ਸਰਕਾਰ

ਟੈਂਡਰ ਨੋਟਿਸ ਰੈਫ਼ਰੈਂਸ ਨੰ. MCJ/OM/2026-27/04 and 11/CE/WS/G ਮਿਤੀ : 10.04.2026

ਵਿਭਾਗ ਮਿਊਂਸਪਲ ਕਾਰਪੋਰੇਸ਼ਨ ਜਲੰਧਰ, ਆਨਲਾਈਨ ਬੋਲੀਆਂ ਮੰਗਦਾ ਹੈ :

ਐਮਸੀ ਜਲੰਧਰ ਹੱਦ ਅਧੀਨ 2 ਸਾਲਾਂ ਦੀ ਮਿਆਦ ਲਈ ਓ ਅਤੇ ਐਮ (ਓ ਅਤੇ ਐਮ ਲਈ ਕੋਈ ਵਾਧੂ ਲਾਗਤ ਅਦਾ ਨਹੀਂ ਕੀਤੀ ਜਾਵੇਗੀ) ਸਮੇਤ ਨਵੇਂ ਰਿਵਰਸ ਰੋਟਰੀ ਰਿੱਗ ਬੋਰ ਤਰੀਕਾ ਅਤੇ ਸਿੱਧਾ ਹੱਥ ਬੋਰ ਟਿਊਬਵੈਲ ਦੀ ਇਸਟਾਲੇਸ਼ਨ ਅਤੇ ਮੁਹੱਈਆ ਕਰਾਉਣ ਲਈ ਜਲ ਸਪਲਾਈ ਅਤੇ ਸੀਵਰੇਜ ਕੰਮਾਂ ਲਈ ਓ ਅਤੇ ਐਮ ਬਰਾਂਚ ਨਾਲ ਸਬੰਧਤ 02 ਕੰਮ

(ਕੰਮ ਦੇ ਵੇਰਵੇ ਵੈਬਸਾਈਟ ਵਿਚ ਦਰਸਾਏ ਅਨੁਸਾਰ)

ਬੰਦ ਹੋਣ ਦੀ ਮਿਤੀ ਅਤੇ ਸਮਾਂ :

ਟੈਂਡਰ ਦੀ ਉਪਲਬਧਤਾ : (ਪਹਿਲੀ ਵਾਰ)	: 14.04.2026, 14.00 ਵਜੇ
ਟੈਂਡਰ ਜਮ੍ਹਾਂ ਕਰਨ ਲਈ ਆਖਰੀ ਮਿਤੀ :	: 28.04.2026 ਨੂੰ 14.00 ਵਜੇ

ਪ੍ਰੀ ਬਿੱਡ ਮੀਟਿੰਗ ਡਾ .ਬੀ.ਆਰ. ਅੰਬੇਡਕਰ ਕੰਪਲੈਕਸ, ਮਿਊਂਸਪਲ ਕਾਰਪੋਰੇਸ਼ਨ, ਜਲੰਧਰ, ਦੂਜੀ ਮੰਜ਼ਿਲ, ਦਫ਼ਤਰ ਸੁਪਰਇਨਟੈਂਡਿੰਗ ਇੰਜੀ. (ਓ ਅਤੇ ਐਮ) ਕਮਰਾ ਨੰ. 62 ਵਿਖੇ 22.04.2026 ਨੂੰ ਬਾ.ਦੁ. 12.00 ਵਜੇ ਹੋਵੇਗੀ।

ਵੇਰਵਿਆਂ ਲਈ ਲਾਗਇਨ ਕਰੋ :eproc.punjab.gov.in

ਨੋਟ : ਟੈਂਡਰ/ਆਰਐਫ਼ਪੀ ਦੀ ਕੋਈ ਸੋਧ ਸਿਰਫ਼ ਉਪਰੋਕਤ ਵੈਬਸਾਈਟ 'ਤੇ ਪ੍ਰਕਾਸ਼ਤ ਕੀਤੀ ਜਾਵੇਗੀ।

ਸਰਕਾਰ ਪੱਤਰ ਰੈਫ਼ਰ ਨੰ. JDDLG/PRU/DLG/2021/1018-23 Dt. 13.05.2021 ਅਨੁਸਾਰ

2048/12/2026-27/10379

ਕਾਰਪੋਰੇਸ਼ਨ ਇੰਜੀਨੀਅਰ
ਮਿਊਂਸਪਲ ਕਾਰਪੋਰੇਸ਼ਨ, ਜਲੰਧਰ

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਵਿਸ਼ਾ: ਡੀ.ਯੂ. ਨੰ. 3183 MIG-I ਸ਼੍ਰੇਣੀ ਵਿਚ ਸੈਕਟਰ 46-ਸੀ ਚੰਡੀਗੜ੍ਹ ਦੀ ਮਲਕੀਅਤ ਦੀ ਰਜਿਸਟ੍ਰੇਸ਼ਨ/ਅਲਾਟਮੈਂਟ/ਇੰਤਕਾਲ ਦੀ ਤਬਦੀਲੀ ਦੇ ਸਬੰਧ ਵਿਚ ਇਕ ਅਲਾਟੀ/ਟਰਾਂਸਫਰੀ ਸ੍ਰੀ ਅਨਿਲ ਅਨੰਦ ਪੁੱਤਰ ਸ੍ਰੀ ਐਸ.ਐਨ. ਅਨੰਦ (ਸ਼ਿਵ ਨਰਾਇਣ ਅਨੰਦ) ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਸ੍ਰੀਮਤੀ ਨੀਰਜ ਅਨੰਦ ਪਤਨੀ ਸਵ. ਸ੍ਰੀ ਅਨਿਲ ਅਨੰਦ ਦੇ ਨਾਂ ਤਬਦੀਲ ਕਰਨ ਸਬੰਧੀ।

ਆਮ ਜਨਤਾ ਤੇ ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਨੀਰਜ ਅਨੰਦ ਪਤਨੀ ਸਵ. ਸ੍ਰੀ ਅਨਿਲ ਅਨੰਦ ਨੇ ਅਲਾਟੀ/ਟਰਾਂਸਫਰੀ ਸ੍ਰੀ ਅਨਿਲ ਅਨੰਦ ਪੁੱਤਰ ਸ੍ਰੀ ਐਸ.ਐਨ. ਅਨੰਦ (ਸ਼ਿਵ ਨਰਾਇਣ ਅਨੰਦ) ਦੀ ਮੌਤ ਪਿਛੋਂ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਉਸ ਦੇ ਨਾਂ 'ਤੇ ਡੀ.ਯੂ. ਨੰ. 3183 MIG-I ਸ਼੍ਰੇਣੀ ਵਿਚ ਸੈਕਟਰ 46-ਸੀ ਚੰਡੀਗੜ੍ਹ ਤਬਦੀਲ ਕਰਨ ਲਈ ਅਪਲਾਈ ਕੀਤਾ ਹੈ। ਸ੍ਰੀ ਅਨਿਲ ਅਨੰਦ ਪੁੱਤਰ ਸ੍ਰੀ ਐਸ.ਐਨ. ਅਨੰਦ (ਸ਼ਿਵ ਨਰਾਇਣ ਅਨੰਦ) ਦੀ 03.03.2026 ਨੂੰ ਚੰਡੀਗੜ੍ਹ ਵਿਖੇ ਮੌਤ ਹੋ ਗਈ ਅਤੇ ਪਿੱਛੇ ਸਬ ਰਜਿਸਟਰਾਰ, ਚੰਡੀਗੜ੍ਹ ਵਿਖੇ ਮਿਤੀ 07.11.2025 ਨੂੰ ਉਸ ਦੇ ਪੱਖ ਵਿਚ ਹੋਈ ਰਜਿਸਟਰਡ ਵਸੀਅਤ ਛੱਡ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਮ੍ਰਿਤਕ ਅਲਾਟੀ/ਟਰਾਂਸਫਰੀ ਦੀ ਆਖਰੀ ਵਸੀਅਤ ਸੀ ਜਿਹੜੀ ਉਸ ਦੀ ਮੌਤ ਤੱਕ ਨਾਂ ਤਾਂ ਰੱਦ ਅਤੇ ਨਾ ਹੀ ਮਨਸੂਖ ਹੋਈ ਹੈ।

ਜੇਕਰ ਕਿਸੇ ਨੂੰ ਵੀ ਉੱਪਰ ਲਿਖੀ ਜਾਇਦਾਦ ਉਪਰੋਕਤ ਐਪਲੀਕੈਂਟ ਦੇ ਪੱਖ ਵਿਚ ਕਰਨ ਬਾਬਤ ਕੋਈ ਇਤਰਾਜ਼ ਹੈ ਤਾਂ ਉਹ ਨਿਮਨਹਸਤਾਖ਼ਰੀ ਦੇ ਦਫ਼ਤਰ 'ਚ ਇਸ ਨੋਟਿਸ ਦੇ ਛਪਣ ਤੋਂ ਬਾਅਦ 21 ਦਿਨਾਂ ਦੇ ਅੰਦਰ-ਅੰਦਰ ਦਾਖ਼ਲ ਕਰ ਸਕਦਾ ਹੈ। ਇਸ ਤੋਂ ਅਸਫ਼ਲ ਰਹਿਣ 'ਤੇ ਉਕਤ ਡਿਵੈਲਿੰਗ ਯੂਨਿਟ ਦੀ ਅਲਾਟਮੈਂਟ ਅਤੇ ਰਜਿਸਟ੍ਰੇਸ਼ਨ ਉੱਪਰ ਲਿਖੇ ਦਾਅਵੇਦਾਰਾਂ ਦੇ ਨਾਂ ਬਦਲੀ ਕਰ ਦਿਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸਨ ਅਧੀਨ ਇਕ ਅਦਾਰਾ)
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਪਬਲਿਕ ਨੋਟਿਸ

ਵਿਸ਼ਾ: ਡੀ.ਯੂ. ਨੰ. 5440 ਸ਼੍ਰੇਣੀ HIG (I) ਵਿਚ ਸੈਕਟਰ 38(ਵੈਸਟ) ਚੰਡੀਗੜ੍ਹ ਦੀ ਮਲਕੀਅਤ ਦੀ ਰਜਿਸਟ੍ਰੇਸ਼ਨ/ਅਲਾਟਮੈਂਟ/ਇੰਤਕਾਲ ਦੀ ਤਬਦੀਲੀ ਦੇ ਸਬੰਧ ਵਿਚ ਇਕ ਅਲਾਟੀ/ਟਰਾਂਸਫਰੀ ਸ੍ਰੀਮਤੀ ਜਸਜੀਤ ਕੌਰ ਪਤਨੀ ਸ੍ਰੀ ਬਲਵੰਤ ਸਿੰਘ ਗਿੱਲ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਸ੍ਰੀ ਬਲਵੰਤ ਸਿੰਘ ਗਿੱਲ ਪੁੱਤਰ ਸਵ. ਸ੍ਰੀ ਜਸਵੰਤ ਸਿੰਘ ਦੇ ਨਾਂ ਤਬਦੀਲ ਕਰਨ ਸਬੰਧੀ।

ਆਮ ਜਨਤਾ ਤੇ ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਬਲਵੰਤ ਸਿੰਘ ਗਿੱਲ ਪੁੱਤਰ ਸਵ. ਸ੍ਰੀ ਜਸਵੰਤ ਸਿੰਘ ਨੇ ਸ੍ਰੀਮਤੀ ਜਸਜੀਤ ਕੌਰ ਪਤਨੀ ਸ੍ਰੀ ਬਲਵੰਤ ਸਿੰਘ ਗਿੱਲ ਦੀ ਅਣਰਜਿਸਟਰਡ ਵਸੀਅਤ ਦੇ ਆਧਾਰ 'ਤੇ ਉਸ ਦੀ ਮੌਤ ਪਿਛੋਂ ਉਸ ਦੇ ਨਾਂ 'ਤੇ ਡੀ.ਯੂ. ਨੰ. 5440 ਸ਼੍ਰੇਣੀ HIG (I) ਵਿਚ ਸੈਕਟਰ 38(ਵੈਸਟ) ਚੰਡੀਗੜ੍ਹ ਦੀ ਤਬਦੀਲੀ ਲਈ ਅਪਲਾਈ ਕੀਤਾ ਹੈ। ਜਿਵੇਂ ਕਿ ਸ੍ਰੀਮਤੀ ਜਸਜੀਤ ਕੌਰ ਪਤਨੀ ਸ੍ਰੀ ਬਲਵੰਤ ਸਿੰਘ ਗਿੱਲ ਦੀ ਮਿਤੀ 21.03.2026 ਨੂੰ ਮੋਹਾਲੀ (ਪੰਜਾਬ ਵਿਖੇ) ਮੌਤ ਹੋ ਗਈ ਅਤੇ ਪਿੱਛੇ ਸਬ ਰਜਿਸਟਰਾਰ, ਚੰਡੀਗੜ੍ਹ ਵਿਖੇ ਮਿਤੀ 03.12.2025 ਨੂੰ ਉਸ ਦੇ ਪੱਖ ਵਿਚ ਹੋਈ ਰਜਿਸਟਰਡ ਵਸੀਅਤ ਛੱਡ ਗਈ ਹੈ, ਉਸ ਨੇ ਅੱਗੇ ਦੱਸਿਆ ਕਿ ਮ੍ਰਿਤਕ ਦੀ ਇਹ ਆਖਰੀ ਆਖਰੀ ਵਸੀਅਤ ਸੀ ਜਿਹੜੀ ਉਸ ਦੀ ਮੌਤ ਤੱਕ ਨਾਂ ਤਾਂ ਰੱਦ ਅਤੇ ਨਾ ਹੀ ਮਨਸੂਖ ਹੋਈ ਹੈ ਅਤੇ ਮ੍ਰਿਤਕ ਅਲਾਟੀ/ਟਰਾਂਸਫਰੀ ਸ੍ਰੀਮਤੀ ਜਸਜੀਤ ਕੌਰ ਪਤਨੀ ਸ੍ਰੀ ਬਲਵੰਤ ਸਿੰਘ ਗਿੱਲ ਦੇ ਸਾਰੇ ਕਾਨੂੰਨੀ ਵਾਰਸਾਂ ਭਾਵ 1 ਸ੍ਰੀਮਤੀ ਜਸਲੀਨ ਗਿੱਲ (ਪੁੱਤਰੀ) ਅਤੇ 2. ਸ੍ਰੀ ਕਰਨਵੀਰ ਸਿੰਘ ਗਿੱਲ (ਪੁੱਤਰ) ਨੇ ਸ੍ਰੀ ਬਲਵੰਤ ਸਿੰਘ ਗਿੱਲ ਪੁੱਤਰ ਸਵ. ਸ੍ਰੀ ਜਸਵੰਤ ਸਿੰਘ ਦੇ ਪੱਖ ਵਿਚ ਕੋਈ ਇਤਰਾਜ਼ ਨਹੀਂ ਹਲਫ਼ੀਆ ਬਿਆਨ ਜਮਾਂ ਕਰਵਾਏ ਹਨ।

ਜੇਕਰ ਕਿਸੇ ਨੂੰ ਵੀ ਉੱਪਰ ਲਿਖੀ ਜਾਇਦਾਦ ਉਪਰੋਕਤ ਐਪਲੀਕੈਂਟ ਦੇ ਪੱਖ ਵਿਚ ਕਰਨ ਬਾਬਤ ਕੋਈ ਇਤਰਾਜ਼ ਹੈ ਤਾਂ ਉਹ ਨਿਮਨਹਸਤਾਖ਼ਰੀ ਦੇ ਦਫ਼ਤਰ 'ਚ ਇਸ ਨੋਟਿਸ ਦੇ ਛਪਣ ਤੋਂ ਬਾਅਦ 21 ਦਿਨਾਂ ਦੇ ਅੰਦਰ-ਅੰਦਰ ਦਾਖ਼ਲ ਕਰ ਸਕਦਾ ਹੈ। ਇਸ ਤੋਂ ਅਸਫ਼ਲ ਰਹਿਣ 'ਤੇ ਉਕਤ ਡਿਵੈਲਿੰਗ ਯੂਨਿਟ ਦੀ ਅਲਾਟਮੈਂਟ ਅਤੇ ਰਜਿਸਟ੍ਰੇਸ਼ਨ ਉੱਪਰ ਲਿਖੇ ਦਾਅਵੇਦਾਰਾਂ ਦੇ ਨਾਂ ਬਦਲੀ ਕਰ ਦਿਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ

ਯੂਵੀ ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ

ARCL

ਕਾਰਪੋਰੇਟ ਦਫ਼ਤਰ: #1304, ਚਿਰੰਜੀਵ ਟਾਵਰ, 43, ਨਹਿਰੂ ਪਲੇਸ, ਨਵੀਂ ਦਿੱਲੀ-110019

ਸਵਿਸ ਚੈਲੇਂਜ ਮੈਥਡ ਅਧੀਨ ਨਿਲਾਮੀ ਰਾਹੀਂ ਸਰਫੇਸੀ ਐਕਟ, 2002 ਦੇ ਉਪਬੰਧਾਂ ਅਧੀਨ ਯੋਗ ਭਾਗੀਦਾਰਾਂ (ਭਾਵ ਆਗਿਆ ਪ੍ਰਾਪਤ ਏਆਰਸੀਐਸ) ਨੂੰ ਸਟ੍ਰੈਸ ਲੋਨ ਐਕਸਪੋਜ਼ਰ ਦਾ ਤਬਾਦਲਾ।

ਇੱਥੇ ਸਾਰੀਆਂ ਐਸਟ ਰੀਕੰਸਟ੍ਰਕਸ਼ ਕੰਪਨੀਜ਼ (ARCs) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ UV ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ("UVARCL") ਆਪਣੇ ਸਟ੍ਰੈਸ ਲੋਨ ਐਕਸਪੋਜ਼ਰ ਨੂੰ ਯੋਗ ARCs ਨੂੰ ਟ੍ਰਾਂਸਫਰ ਕਰਨ ਦਾ ਇਰਾਦਾ ਰੱਖਦੀ ਹੈ। ਪ੍ਰਸਤਾਵਿਤ ਟ੍ਰਾਂਸਫਰ ਸਾਡੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਵੈੱਬ ਨੋਟਿਸ ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਦੇ ਅਨੁਸਾਰ ਕੀਤਾ ਜਾਵੇਗਾ।

ਸਟ੍ਰੈਸ ਲੋਨ ਐਕਸਪੋਜ਼ਰ ਦੇ ਸੰਖੇਪ ਵੇਰਵੇ:

10.04.2026 ਨੂੰ ਕੁੱਲ ਬਕਾਇਆ	ਰਾਖਵੀਂ ਕੀਮਤ
Rs. 140.45 Cr	Rs.7.00 Crore

 # ਉਪਰੋਕਤ ਖਾਤੇ ਦੀ ਨਿਲਾਮੀ 'ਸਵਿਸ ਚੈਲੇਂਜ ਵਿਧੀ' ਦੇ ਅਧੀਨ ਹੈ, ਮੌਜੂਦਾ ਪੇਸ਼ਕਸ਼ ਦੇ ਆਧਾਰ 'ਤੇ, ਮੂਲ ਬੋਲੀਕਾਰ ਨੂੰ ਸਭ ਤੋਂ ਵੱਧ ਬੋਲੀ ਨਾਲ ਮੇਲ ਕਰਨ ਦਾ ਅਧਿਕਾਰ ਹੋਵੇਗਾ। ਰਿਜ਼ਰਵ ਕੀਮਤ ਰੁ. 7,00,00,000 (ਸੱਤ ਕਰੋੜ ਰੁਪਏ ਸਿਰਫ਼) ਹੋਵੇਗੀ ਅਤੇ ਬਿਆਨਾ ਜਮ੍ਹਾਂ ਰਕਮ ਰੁ. 70,00,000 (ਸੱਤਰ ਲੱਖ ਰੁਪਏ ਸਿਰਫ) ਹੋਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਸਕਿਉਰਡ ਕ੍ਰੈਡੀਟਰ ਦੀ ਵੈੱਬਸਾਈਟ www.uvarcl.com 'ਤੇ ਪਹੁੰਚਯੋਗ ਹਨ। ਕਿਸੇ ਵੀ ਸਪਸ਼ਟੀਕਰਨ ਲਈ UVARCL ਦੇ ਅਧਿਕਾਰਤ ਅਧਿਕਾਰੀ ਨਾਲ 9619149024 (ਸਵੇਰੇ 10:00 ਵਜੇ ਤੋਂ ਸ਼ਾਮ 5:00 ਵਜੇ ਤੱਕ) 'ਤੇ ਜਾਂ uvarcl@gmail.com/pallavi@uvarcl.com 'ਤੇ ਸੰਪਰਕ ਕਰੋ।

ਮਿਤੀ: 11.04.2026
ਸਥਾਨ: ਚੰਡੀਗੜ੍ਹ

ਸਹੀ/-
ਅਧਿਕਾਰਤ ਅਧਿਕਾਰੀ
ਯੂਵੀ ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ

ਪੰਜਾਬ ਸਰਕਾਰ

ਟੈਂਡਰ ਨੋਟਿਸ ਨੰਬਰ 12 (2026) ਮਿਤੀ 10-04-2026

ਕਾਰਜਕਾਰੀ ਇੰਜੀਨੀਅਰ (ਇਲੈਕਟ੍ਰੀਕਲ), ਪੰਜਾਬ ਮੰਡੀ ਬੋਰਡ, ਐਸ.ਏ.ਐਸ. ਨਗਰ ਪੰਜਾਬ ਮੰਡੀ ਬੋਰਡ ਦੇ ਰਜਿਸਟਰਡ ਸੂਚੀਬੱਧ ਬਿਜਲੀ ਠੇਕੇਦਾਰਾਂ ਤੋਂ ਆਨਲਾਈਨ ਬੋਲੀ ਮੰਗਦਾ ਹੈ:-

(1) ਖੇਤੀਬਾੜੀ ਭਵਨ ਫੇਜ਼-6 ਐਸ.ਏ.ਐਸ. ਨਗਰ ਵਿਖੇ ਪਹਿਲੀ ਮੰਜ਼ਿਲ ਕਾਨਫਰੰਸ ਹਾਲ ਅਤੇ 58.8 ਜੈਨਸੈੱਟ ਦੇ ਐਸ.ਆਈ.ਟੀ.ਸੀ. ਵਿੱਚ ਆਡੀਓ ਅਤੇ ਵੀਡੀਓ ਕਾਨਫਰੰਸ ਸਿਸਟਮ ਪ੍ਰਦਾਨ ਕਰਨਾ।
(2) ਫੜੀ ਮਾਰਕੀਟ ਸੁਨਾਮ ਮਾਰਕੀਟ ਕਮੇਟੀ ਸੁਨਾਮ ਜ਼ਿਲ੍ਹਾ ਸੰਗਰੂਰ ਵਿੱਚ LED ਫਿਟਿੰਗ ਕਵਰਡ ਸ਼ੈੱਡ (103'x168' ਫੁੱਟ) ਸਮੇਤ ਤਾਂਬੇ ਦੀਆਂ ਤਾਰਾਂ ਪ੍ਰਦਾਨ ਕਰਨਾ।
(3) ਮੀਰਪੁਰ ਕਲਾਂ, ਮਾਰਕੀਟ ਕਮੇਟੀ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਵਿੱਚ ਨਵਾਂ ਟਾਵਰ ਲਾਈਟਿੰਗ ਸਿਸਟਮ ਪ੍ਰਦਾਨ ਕਰਨਾ ਅਤੇ ਪੁਰਾਣੇ ਟਾਵਰਾਂ ਨੂੰ ਉੱਚਾ ਕਰਨਾ।
(4) ਅਨਾਜ ਮੰਡੀ ਬਰੇਟਾ, ਮਾਰਕੀਟ ਕਮੇਟੀ ਬਰੇਟਾ, ਜ਼ਿਲ੍ਹਾ ਮਾਨਸਾ ਵਿੱਚ ਹਾਈ ਮਾਸਟ (ਟੀ.ਐਮ.ਸੀ. ਯਾਰਡ) ਨਿਲਾਮੀ ਪਲੇਟਫਾਰਮ 'ਤੇ ਪੁਰਾਣੀਆਂ ਖਰਾਬ/ਰਵਾਇਤੀ ਫਿਟਿੰਗਾਂ, ਕੇਬਲਾਂ ਅਤੇ ਸਵਿੱਚਾਂ ਨੂੰ ਨਵੀਂ ਐਲਈਡੀ ਫਿਟਿੰਗਾਂ ਨਾਲ ਬਦਲਣਾ।
(5) ਸਬ ਡਵੀਜ਼ਨ ਐਸ.ਏ.ਐਸ. ਨਗਰ ਅਧੀਨ ਵੱਖ-ਵੱਖ ਇਮਾਰਤਾਂ ਦੇ ਸਾਲਾਨਾ ਰੱਖ-ਰਖਾਅ ਲਈ ਲੇਬਰ ਪ੍ਰਦਾਲ ਕਰਨਾ।

ਬੰਦ ਹੋਣ ਦੀ ਮਿਤੀ ਤੇ ਸਮਾਂ:- 28-04-2026 ਅਤੇ ਸਮਾਂ:-ਸਵੇਰੇ 11:30 ਵਜੇ

ਵੇਰਵਿਆਂ ਲਈ http://eproc.punjab.gov.in 'ਤੇ ਲਾਗਇਨ ਕਰੋ

ਨੋਟ: ਟੈਂਡਰਾਂ ਅਤੇ ਸੋਧ/ਅਡੈਂਡਾ ਆਦਿ ਦੇ ਵੇਰਵੇ ਅਤੇ ਸਾਰੇ ਦਸਤਾਵੇਜ਼ ਸਿਰਫ਼ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣਗੇ।

2104/12/2026-27/10371

ਕਾਰਜਕਾਰੀ ਇੰਜੀਨੀਅਰ (ਇਲੈਕਟ੍ਰੀਕਲ),
ਪੰਜਾਬ ਮੰਡੀ ਬੋਰਡ, ਐਸ.ਏ.ਐਸ. ਨਗਰ,

ਹੀਰੋ ਹਾਊਸਿੰਗ ਫਾਇਨਾਂਸ ਲਿਮਟਿਡ

HeroHousing Finance

ਸੰਪਰਕ ਪਤਾ : ਐਸਸੀਓ 28, ਪਹਿਲੀ ਮੰਜ਼ਿਲ, ਰਣਜੀਤ ਐਵੀਨਿਊ, ਅੰਮ੍ਰਿਤਸਰ, ਪੰਜਾਬ- 143001, ਰਜਿ. ਦਫ਼ਤਰ : 09, ਕਮਿਊਨਿਟੀ ਸੈਂਟਰ, ਬਸੰਤ ਲੋਕ, ਵਸੰਤ ਵਿਹਾਰ, ਨਵੀਂ ਦਿੱਲੀ-110057, ਫੋਨ : 011 49267000, ਟੋਲ ਫ੍ਰੀ ਨੰ. 1800 212 8800, ਈਮੇਲ :ustomer.care@herohfl.com, ਵੈਬਸਾਈਟ: www.herohousingfinance.com, CIN: U65192DLC30148

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

(ਸਕਿਓਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8(1) ਨਾਲ ਪੜ੍ਹੀ ਜਾਂਦੀ ਅੰਤਿਕਾ IV ਅਨੁਸਾਰ)

ਜਿਵੇਂਕਿ ਹੀਰੋ ਹਾਊਸਿੰਗ ਫ਼ਾਈਨਾਂਸ ਲਿਮਟਿਡ ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਨੇ ਸਕਿਓਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ, 2002 ਅਤੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਏ ਕਰਜ਼ਦਾਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਨੋਟਿਸ ਵਿਚ ਦਰਸਾਈ ਰਕਮ ਉਕਤ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਹੇਠ ਦਰਸਾਈ ਮਿਤੀ ਤੋਂ ਦਰਸਾਈ ਰਕਮ ਸਮੇਤ ਇਸ 'ਤੇ ਵਿਆਜ ਅਤੇ ਪੈਨਲ ਵਿਆਜ, ਚਾਰਜਿਜ਼, ਲਾਗਤਾਂ ਆਦਿ ਦੀ ਵਸੂਲੀ ਲਈ ਹੀਰੋ ਹਾਊਸਿੰਗ ਫਾਈਨਾਂਸ ਲਿਮਟਿਡ ਕੋਲ ਹੈ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਲੋਨ ਖਾਤਾ ਨੰ.	ਓਬਲੀਗੇਟਰ(ਜ਼)/ਕਾਨੂੰਨੀ ਵਾਰਿਸ(ਾਂ)/ਕਾਨੂੰਨੀ ਪ੍ਰਤੀਨਿਧੀ(ਆਂ) ਦਾ ਨਾਮ	ਡਿਮਾਂਡ ਨੋਟਿਸ ਦੀ ਮਿਤੀ/ਡਿਮਾਂਡ ਨੋਟਿਸ ਅਨੁਸਾਰ ਰਕਮ	ਕਬਜ਼ੇ ਦੀ ਮਿਤੀ (ਭੌਤਿਕ/ ਢਾਂਚਾਗਤ)
HHFAMRLAP 24000056802	ਨਰਿੰਦਰ ਕੌਰ, ਤੇਜਿੰਦਰ ਸਿੰਘ	18-Dec-2025 Rs. 15,80,323 /- as on date 15.12.2025	05.04.2026 (ਸੰਕੇਤਕ)

ਸਕਿਓਰਡ ਐਸਟਸ/ਅਚੱਲ ਜਾਇਦਾਦਾਂ/ਗਿਰਵੀ ਜਾਇਦਾਦਾਂ ਦੇ ਵੇਰਵੇ : ਸਾਰੇ ਅਹਿਮ ਅਤੇ ਜ਼ਰੂਰੀ ਹਿੱਸੇ ਜਾਇਦਾਦ ਪਲਾਟ ਨੰ. 89,ਜਿਸ ਦਾ ਰਕਬਾ 137.33 ਵ. ਗਜ਼ ਵਿੱਚ ਸ਼ਾਮਲ ਖਸਰਾ ਨੰ. 27//8,9,18,19, 28//16/1, 16/2, 24/1ਮਿਨ, ਖਾਤਾ ਖਤੌਨੀ ਨੰ. 284/496, ਜਮਾਂਬੰਦੀ ਸਾਲ 2018-2019, ਹੱਦਬਸਤ ਨੰ. 366, ਵਾਕਿਆ ਰਕਬਾ ਵਡਾਲੀ ਗੁਰੂ ਸਬ ਅਰਬਨ, ਅਬਾਦੀ ਬਾਬਾ ਦੀਪ ਸਿੰਘ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ 143015, (ਜਾਇਦਾਦ ਦੀ ਮਲਕੀਅਤ ਸ੍ਰੀਮਤੀ ਨਰਿੰਦਰ ਕੌਰ ਪਤਨੀ ਤੇਜਿੰਦਰ ਸਿੰਘ ਜਿਸ ਦਾ ਸੇਲ ਡੀਡ ਨੰ. 2021-22/197/1/1777 ਮਿਤੀ 22-12-2021, ਮਨਪ੍ਰੀਤ ਸਿੰਘ ਪੁੱਤਰ ਅਮਰੀਕ ਸਿੰਘ ਵੱਲੋਂ ਉਸ ਦੇ ਪੱਖ ਵਿੱਚ), ਟਾਈਟਲ ਡੀਡ ਅਨੁਸਾਰ ਹੱਦਾਂ: ਉਤਰ: ਗਲੀ 20' ਚੌੜੀ, ਪੂਰਬ: ਹੋਰ ਮਾਲਕ, ਦੱਖਣ: ਪਲਾਟਨੰ.88, ਪੱਛਮ: ਗਲੀ 20' ਚੌੜੀ

ਮਿਤੀ: 11.04.2026
ਸਥਾਨ: ਅੰਮ੍ਰਿਤਸਰ

ਸਹੀ/- ਅਧਿਕਾਰਤ ਅਫ਼ਸਰ
ਲਈ ਹੀਰੋ ਹਾਊਸਿੰਗ ਫ਼ਾਈਨਾਂਸ ਲਿਮਟਿਡ